# ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਾਬ ਓਪਨ ਸਕੂਲ ਸੀਨੀਅਰ ਸੈਕੰਡਰੀ (ਬਾਰ੍ਹਵੀਂ) ਪਰੀਖਿਆ ਮਾਰਚ-2017 ਲਈ ਅਧਿਐਨ ਕੇਂਦਰਾਂ ਦੇ ਮੁੱਖੀਆਂ ਲਈ ਪਰੀਖਿਆ ਫ਼ਾਰਮ ਭਰਨ ਸੰਬੰਧੀ ਹਦਾਇਤਾਂ।

- **ਜ਼ਰੂਰੀ ਨੋਟ :- ਪਰੀਖਿਆ ਫ਼ਾਰਮ ਉਮੀਦਵਾਰਾਂ ਵੱਲੋਂ ਹਰ ਪੱਖੋਂ ਮੁਕੰਮਲ ਕਰਵਾ ਕੇ ਤਸਦੀਕ ਕਰਨ ਉਪਰੰਤ ਭੇਜੇ ਜਾਣ।**

## ਪਰੀਖਿਆ ਫ਼ਾਰਮ ਅਤੇ ਫ਼ੀਸ ਦਫ਼ਤਰ ਵਿੱਚ ਵਸੂਲਣ ਦੀਆਂ ਆਖਰੀ ਮਿਤੀਆਂ :-

| ਪਰੀਖਿਆ ਫ਼ੀਸ ਸਾਰੇ ਗਰੁੱਪਾਂ ਲਈ 1100/ਰੁ: + 100/ਰੁ: ਪ੍ਰਤੀ ਪ੍ਰਯੋਗੀ ਵਿਸ਼ਾ ਅਤੇ ਵਾਧੂ ਵਿਸ਼ੇ ਦੀ ਫੀਸ 300/- ਰੁ: ਪ੍ਰਤੀ ਵਿਸ਼ਾ | ਬਿਨਾਂ ਲੇਟ ਫ਼ੀਸ | 500/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 1000/-ਰੁ:ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 2000/-ਰੁ: ਲੇਟ ਫੀਸ (ਪ੍ਰਤੀ ਪਰੀਖਿਆਰਥੀ) |
|---|---|---|---|---|
| ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | 10-11-16 | 17-11-16 | 24-11-16 | 30-11-16 |
| ਬੈਂਕ ਵਿੱਚ ਫੀਸ/ਚਲਾਨ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | 15-11-16 | 21-11-16 | 30-11-16 | 05-12-16 |
| ਪਰੀਖਿਆ ਫਾਰਮ ਜਿਲ੍ਹਾਂ ਖੇਤਰੀ ਦਫਤਰ/ਮੁੱਖ ਦਫਤਰ ਵਿਖੇ ਜਮਾਂ ਕਰਵਾਉਣ ਦੀ ਆਖਰੀ ਮਿਤੀ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ |

- **ਪਰੀਖਿਆ ਫੀਸ ਦੇ ਚਲਾਨ ਜਨਰੇਟ ਕਰਨ ਅਤੇ ਪਰੀਖਿਆ ਫਾਰਮ ਜਨਰੇਟ ਕਰਨ ਸਬੰਧੀ ਹਦਾਇਤਾਂ :-**

ਪਰੀਖਿਆ ਫਾਰਮ ਅਤੇ ਪ੍ਰੀਖਿਆ ਫੀਸ ਲਈ ਚਾਲਾਨ ਜਨਰੇਟ ਕਰਨ ਵਾਸਤੇ ਹੇਠ ਲਿਖੇ ਸਟੈਪ ਹੋਣਗੇ :-

1. ਸਕੂਲ ਲਾਗਇੰਨ ਆਈ ਨੂੰ ਖੋਲਿਆ ਜਾਵੇ ਅਤੇ ਸੈਸ਼ਨ 2016-17 ਸਲੈਕਟ ਕੀਤਾ ਜਾਵੇ।
2. Examination Portal ਤੇ ਕਲਿੱਕ ਕੀਤਾ ਜਾਵੇ ਅਤੇ ਖੱਬੇ ਹੱਥ ਦਿੱਤੇ ਮੈਨੂ ਵਿੱਚੋਂ ਸਬੰਧਤ ਸ਼੍ਰੇਣੀ ਸਲੈਕਟ ਕੀਤੀ ਜਾਵੇ (ਭਾਵ ਦਸਵੀਂ, ਬਾਰਵੀਂ, ਓਪਨ ਸਕੂਲ)
3. ਸ਼੍ਰੇਣੀ ਸਲੈਕਟ ਕਰਨ ਉਪਰੰਤ ਸਬੰਧਤ ਸ਼੍ਰੇਣੀ ਦੇ ਰਜਿਸਟਰਡ ਪ੍ਰੀਖਿਆਰਥੀਆਂ ਦੀ ਸੂਚੀ ਦਿਖੇਗੀ।
4. ਪਰੀਖਿਆਰਥੀ ਸਲੈਕਟ ਕਰਨ ਉਪਰੰਤ ਪਰੀਖਿਆ ਫਾਰਮ ਜਨਰੇਟ ਕਰਨ ਹਿੱਤ Add ਬਟਨ ਤੇ ਕਲਿੱਕ ਕੀਤਾ ਜਾਵੇ। ਸਾਰੇ ਪਰੀਖਿਆਰਥੀ Add ਕਰਨ ਉਪਰੰਤ ਜਨਰੇਟ ਫਾਰਮ (Generate Examination Form) ਤੇ ਕਲਿੱਕ ਕੀਤਾ ਜਾਵੇ।
5. ਜਨਰੇਟ ਫਾਰਮ ਤੇ ਕਲਿੱਕ ਕਰਨ ਉਪਰੰਤ ਕੈਟਾਗਰੀ (Caste) ਵਾਈਜ਼ ਫੀਸ ਕੈਲਕੂਲੇਟ ਹੋ ਕੇ ਦਿਖ ਜਾਏਗੀ ਅਤੇ ਜਿੰਨ੍ਹਾਂ ਪਰੀਖਿਆਰਥੀਆਂ ਦੀ ਫੀਸ ਕਲੇਮ ਕਰਨੀ ਹੈ, ਉਹਨਾਂ ਦੀ ਗਿਣਤੀ ਅਤੇ ਫੀਸ ਦਿਖ ਜਾਵੇਗੀ।
6. ਫੀਸ ਅਤੇ ਪਰੀਖਿਆਰਥੀਆਂ ਦੀ ਗਿਣਤੀ ਵੈਰੀਫਾਈ ਕਰਨ ਉਪਰੰਤ Submit ਬਟਨ ਤੇ ਕਲਿੱਕ ਕੀਤਾ ਜਾਵੇ ਅਤੇ ਬੈਂਕ ਸਲੈਕਟ ਕਰਨ ਉਪਰੰਤ ਚਾਲਾਨ ਬਣਾ ਲਿਆ ਜਾਵੇ।
7. ਚਲਾਨ ਜਨਰੇਟ ਕਰਨ ਉਪਰੰਤ 24 ਘੰਟੇ ਬਾਅਦ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਈ ਜਾਵੇ।
8. ਫੀਸ ਜਮ੍ਹਾਂ ਕਰਵਾਉਣ ਤੋਂ 48 ਘੰਟੇ ਬਾਅਦ ਪਰੀਖਿਆ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ।
9. ਪਰੀਖਿਆ ਫਾਰਮ ਪ੍ਰਿੰਟ ਕਰਨ ਲਈ Print Examination Form ਬਟਨ ਤੇ ਕਲਿੱਕ ਕੀਤਾ ਜਾਵੇ। ਲਾਟ ਵਾਈਜ਼ ਸੂਚੀ ਵਿੱਚੋਂ ਸਬੰਧਤ ਲਾਟ ਸਲੈਕਟ ਕਰਕੇ ਫਾਰਮ ਡਾਊਨਲੋਡ ਕੀਤੇ ਜਾਣ। ਜਦੋਂ ਤੱਕ ਫੀਸ ਬੈਂਕ ਦੁਆਰਾ ਵੈਰੀਫਾਈ ਨਹੀਂ ਕਰ ਦਿੱਤੀ ਜਾਂਦੀ, ਉਦੋਂ ਤੱਕ ਸਿਰਫ Print Challan and Re-Generate Challan ਬਟਨ ਹੀ ਦਿਖਣਗੇ। ਫੀਸ ਵੈਰੀਫਾਈ ਹੋਣ ਉਪਰੰਤ ਹੀ Download ਲਿੰਕ ਦਿਖੇਗਾ।

10. **ਚਲਾਨ ਵਿੱਚ ਦਰਸਾਈ Valid Date ਤੱਕ ਹਰ ਹਾਲਤ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ। ਇਸ ਸਬੰਧੀ ਸਾਰੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।**

11.

❖ **ਪਰੀਖਿਆ ਫ਼ਾਰਮ ਭੇਜਣ ਸੰਬੰਧੀ ਹਦਾਇਤਾਂ :-**

ੳ) ਪਰੀਖਿਆ ਫ਼ਾਰਮ ਹਰੇਕ ਉਮੀਦਵਾਰ ਤੋਂ ਹਰ ਪੱਖੋਂ ਚੈਕ ਕਰਵਾਉਣ ਉਪਰੰਤ ਸਕੂਲ ਮੁੱਖੀ ਵੱਲੋਂ ਤਸਦੀਕ ਕਰ ਕੇ ਭੇਜੇ ਜਾਣ । ਅਜਿਹਾ ਨਾ ਕਰਨ ਤੇ ਪਰੀਖਿਆ ਫ਼ਾਰਮ ਰੱਦ ਕਰ ਦਿੱਤਾ ਜਾਵੇਗਾ।

ਅ) ਉਮੀਦਵਾਰਾਂ ਦੀ ਗਿਣਤੀ ਸਕੂਲ ਦੇ ਇੱਕ ਹੀ ਫਾਰਵਰਡਿੰਗ ਲੈਟਰ (Forwarding Letter) ਵਿੱਚ ਭੇਜੀ ਜਾਵੇ।

❖ **ਪਰੀਖਿਆ ਫ਼ਾਰਮ ਭਰਨ ਸੰਬੰਧੀ :-**

ੳ) ਉਮੀਦਵਾਰਾਂ ਦੇ ਵੇਰਵੇ ਜਿਵੇਂ ਕਿ ਉਮੀਦਵਾਰ ਦਾ ਨਾਂ, ਪਿਤਾ ਅਤੇ ਮਾਤਾ ਦੇ ਨਾਂ ਦੇ ਸਪੈਲਿੰਗ, ਰਜਿਸਟ੍ਰੇਸ਼ਨ ਨੰਬਰ, ਜਨਮ-ਮਿਤੀ ਰਜਿਸਟ੍ਰੇਸਨ ਰਿਟਰਨ ਦੇ ਆਧਾਰ ਤੇ ਪ੍ਰਿੰਟ ਕਰਕੇ ਭੇਜੇ ਗਏ ਹਨ, ਪ੍ਰੀਖਿਆ ਫਾਰਮ ਵਿੱਚ ਸਕੂਲ ਪੱਧਰ ਤੇ ਕੋਈ ਸੋਧ ਨਾ ਕੀਤੀ ਜਾਵੇ। ਉਮੀਦਵਾਰ ਦੇ ਵੇਰਵਿਆਂ ਵਿੱਚ ਕੋਈ ਗ਼ਲਤੀ ਰਹਿ ਗਈ ਤਾਂ ਉਸਦੀ ਸੋਧ ਕੁਰੈਕਸ਼ਨ ਪ੍ਰੋਫਾਰਮਾ ਅਤੇ ਪ੍ਰੀਖਿਆ ਫਾਰਮ ਤੇ ਭਰ ਕੇ ਭੇਜੀ ਜਾਵੇ। ਇਹ ਸੋਧ ਮਿਤੀ 13-12-2016 ਤੋਂ 30-12-2016 ਤੱਕ 200/-ਰੁ: ਪ੍ਰਤੀ ਸੋਧ ਦੇ ਹਿਸਾਬ ਨਾਲ ਲੋੜੀਂਦੇ ਦਸਤਾਵੇਜ ਪੇਸ਼ ਕਰਕੇ ਸਬੰਧਤ ਪਰੀਖਿਆ ਸ਼ਾਖਾ ਰਾਹੀਂ ਕਰਵਾਈ ਜਾ ਸਕਦੀ ਹੈ।

ਅ) ਨਤੀਜਾ ਨਿਕਲਣ ਤੋਂ ਬਾਅਦ ਹਰ ਪ੍ਰਕਾਰ ਦੀ ਸੋਧ ਭਾਵ ਪਰੀਖਿਆਰਥੀ ਦਾ ਨਾਂ/ਪਿਤਾ ਦਾ ਨਾਂ/ਮਾਤਾ ਦਾ ਨਾਂ/ ਜਨਮ ਮਿਤੀ/ਰਜਿ: ਨੰ. ਆਦਿ ਦੇ 1000/- ਰੁ: ਪ੍ਰਤੀ ਸੋਧ ਲਏ ਜਾਣਗੇ। ਇਹ ਸ਼ਰਤ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ ਦੋ ਸਾਲ ਤੱਕ ਹੋਵੇਗੀ।

ੲ) ਉਮੀਦਵਾਰ ਜੇਕਰ ਇੱਕ ਤੋਂ ਵੱਧ ਫ਼ਾਰਮ (ਰੈਗੂਲਰ/ਓਪਨ ਸਕੂਲ) ਰਾਹੀਂ ਭੇਜੇਗਾ ਤਾਂ ਉਸ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ। ਇਹ ਸਾਰੇ ਉਮੀਦਵਾਰਾਂ ਨੂੰ ਨੋਟ ਕਰਵਾਇਆ ਜਾਵੇ।

**ਹਾਜ਼ਰੀਆਂ ਅਤੇ ਅੰਦਰੂਨੀ ਪਰੀਖਿਆਵਾਂ ਦੀਆਂ ਸ਼ਰਤਾਂ :-**

ੳ) ਹਰ ਉਮੀਦਵਾਰ ਲਈ 75% ਹਾਜ਼ਰੀਆਂ ਪੂਰੀਆਂ ਕਰਨੀਆਂ ਜ਼ਰੂਰੀ ਹਨ। ਇਹ ਸ਼ਰਤਾਂ ਪ੍ਰਯੋਗੀ ਅਤੇ ਲਿਖਤੀ ਦੋਵੇਂ ਪੇਪਰਾਂ ਲਈ ਹਨ। ਹਾਜ਼ਰੀਆਂ ਦੀ ਗਿਣਤੀ ਦਾਖਲੇ ਦੀ (ਬਿਨਾਂ ਲੇਟ ਫ਼ੀਸ ਤੋਂ) ਆਖਰੀ ਮਿਤੀ ਤੋਂ ਪਰੀਖਿਆ ਲਈ ਤਿਆਰੀ ਦੀਆਂ ਛੁੱਟੀਆਂ ਹੋਣ ਤੱਕ ਕੀਤੀ ਜਾਵੇ। ਜਿਸ ਉਮੀਦਵਾਰ ਦੀਆਂ ਹਾਜ਼ਰੀਆਂ ਘੱਟ ਹੋਣ, ਉਸ ਦਾ ਪਰੀਖਿਆ ਫ਼ਾਰਮ ਆਰਜ਼ੀ ਤੌਰ ਤੇ ਭੇਜਿਆ ਜਾਵੇ।

ਅ) ਜੇਕਰ ਕਿਸੇ ਉਮੀਦਵਾਰ ਦਾ ਨਾਂ ਸਕੂਲ ਵਿੱਚੋਂ ਪਰੀਖਿਆ ਫ਼ਾਰਮ ਭਰਨ ਤੋਂ ਬਾਅਦ ਕੱਟ ਦਿੱਤਾ ਗਿਆ ਹੋਵੇ ਅਤੇ ਉਹ ਪਰੀਖਿਆ ਸ਼ੁਰੂ ਹੋਣ ਤੋਂ 14 ਦਿਨ ਪਹਿਲਾਂ ਸਕੂਲ ਵਿੱਚ ਮੁੜ ਦਾਖ਼ਲਾ ਲੈ ਲੈਂਦਾ ਹੈ ਅਤੇ ਬਾਕੀ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਫਿਰ ਵੀ ਉਹ ਪਰੀਖਿਆ ਦੇਣ ਲਈ ਯੋਗ ਹੋਵੇਗਾ। ਸਕੂਲ ਮੁਖੀ ਉਮੀਦਵਾਰ ਦਾ ਪਰੀਖਿਆ ਫ਼ਾਰਮ ਭੇਜਣ ਤੋਂ ਬਾਅਦ ਰੋਲ ਨੰਬਰ ਹੇਠ ਲਿਖੇ ਕਾਰਨਾਂ ਕਰਕੇ ਵਾਪਸ ਲੈ ਸਕਦੇ ਹਨ:-

1. ਹਾਜ਼ਰੀਆਂ ਦੀ ਕਮੀ ਕਾਰਨ।
2. ਭੈੜੀ ਚਾਲ- ਚੱਲਣ ਕਾਰਨ (ਭੈੜੇ ਚਾਲ- ਚੱਲਣ ਬਾਰੇ ਸਪਸ਼ਟ ਦੱਸੋ।
3. ਨਾਂ ਕੱਟੇ ਜਾਣ ਕਾਰਨ (ਨਾਂ ਕੱਟੇ ਜਾਣ ਦਾ ਕਾਰਨ ਦੱਸੋ)

❖ **ਪਰੀਖਿਆ ਕੇਂਦਰ ਸੰਬੰਧੀ :-**

ਪਰੀਖਿਆ ਫ਼ਾਰਮ ਵਿੱਚ ਭਰੇ ਪਰੀਖਿਆ ਕੇਂਦਰ ਅਨੁਸਾਰ ਹੀ ਪਰੀਖਿਆ ਕੇਂਦਰ ਅਲਾਟ ਕੀਤਾ ਜਾਵੇਗਾ ਦਫ਼ਤਰ ਵੱਲੋਂ ਅਲਾਟ ਕੀਤੇ ਕੇਂਦਰ ਵਿੱਚ ਬਾਅਦ ਵਿੱਚ ਕੋਈ ਤਬਦੀਲੀ ਨਹੀ ਕੀਤੀ ਜਾਵੇਗੀ।

ੳ) ਰਜਿ: ਨੰਬਰ ਨਾ ਹੋਣ ਦੀ ਸੂਰਤ ਵਿੱਚ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ।

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ